Tender Heart High School, Class-V (Punjabi)

Ch-11,12 Gurpreet Kaur



ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।

ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਆਕਰਣ ਨਾਲ ਸੰਬੰਧਿਤ ਪਾਠ-11 ਅਤੇ 12, "ਵਿਰੋਧੀ ਸ਼ਬਦ" ਅਤੇ "ਸ਼ੁੱਧ-ਸ਼ਬਦ ਜੋੜ" ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ "ਸਿਰਜਨ ਪੰਜਾਬੀ ਵਿਆਕਰਨ ਅਤੇ ਲੇਖ-ਰਚਨਾ" ਦੇ ਪੰਨਾ ਨੰਬਰ-48 ਅਤੇ 50 'ਤੇ ਦਰਜ ਹੈ। ਜੇ, ਸਾਰੇ ਵਿਦਿਆਰਥੀ ਕਿਤਾਬਾਂ, ਕਾਪੀਆਂ ਲੈਕੇ ਤਿਆਰ ਹਨ ਤਾਂ ਆਓ ਪੜ੍ਹਨਾ ਸ਼ੁਰੂ ਕਰੀਏ।

# ਵਿਰੋਧੀ ਸ਼ਬਦ

**(Antonyms)**

**ਪਿਆਰੇ ਬੱਚਿਓ, ਚਿੱਤਰਾਂ ਨੂੰ ਧਿਆਨ ਨਾਲ਼ ਦੇਖੋ ਅਤੇ ਇਹਨਾਂ ਹੇਠਾਂ ਦਿੱਤੇ ਸ਼ਬਦਾਂ ਨੂੰ ਸਮਝੋ।**



ਹਨੇਰਾ



ਚਾਨਣ



ਖ਼ਾਲੀ



ਭਰਿਆ



ਗਰਮ



ਠੰਢਾ



ਚੜ੍ਹਨਾ



ਉਤਰਨਾ

ਬੱਚਿਓ, ਅਸੀਂ ਦੇਖਦੇ ਹਾਂ ਕਿ ਇੱਕ ਪਾਸੇ ਹਨੇਰਾ ਹੈ, ਪਰ ਦੂਸਰੇ ਪਾਸੇ ਚਾਨਣ ਹੈ। ਇੱਕ ਗਲਾਸ ਖ਼ਾਲੀ ਹੈ ਅਤੇ ਦੂਸਰਾ ਪਾਣੀ ਨਾਲ਼ ਭਰਿਆ ਹੈ। ਚਾਹ ਗਰਮ ਹੈ ਪਰ ਆਈਸ-ਕ੍ਰੀਮ ਠੰਢੀ ਹੈ। ਇੱਕ ਬੱਚਾ ਪੌੜੀ ਚੜ੍ਹ ਰਿਹਾ ਹੈ ਅਤੇ ਦੂਜਾ ਉੱਤਰ ਗਿਆ ਹੈ।

ਇਸ ਲਈ ਹਨੇਰਾ-ਚਾਨਣ, ਗਰਮ-ਠੰਢਾ, ਚੜ੍ਹਨਾ-ਉਤਰਨਾ ਸ਼ਬਦ ਇੱਕ-ਦੂਜੇ ਤੋਂ ਉਲ਼ਟ ਭਾਵ ਪ੍ਰਗਟ ਕਰ ਰਹੇ ਹਨ। ਇਹਨਾਂ ਨੂੰ ਵਿਰੋਧੀ ਸ਼ਬਦ ਜਾਂ ਉਲ਼ਟਭਾਵੀ ਸ਼ਬਦ ਕਿਹਾ ਜਾਂਦਾ ਹੈ। ਵਿਰੋਧੀ ਸ਼ਬਦ ਦੀਆਂ ਕੁਝ ਹੋਰ ਉਦਾਹਰਨਾਂ ਹੇਠ ਦਿੱਤੀਆਂ ਜਾ ਰਹੀਆਂ ਹਨ :-




# ਵਿਰੋਧੀ ਸ਼ਬਦ



ਗਰਮ



ਠੰਢਾ



ਦਿਨ




ਰਾਤ

Tender Heart High School, Class-V (Punjabi)

Ch- 11,12 Gurpreet Kaur





ਮਿੱਠਾ



ਕੌੜਾ



ਲੰਮਾ



ਮਧਰਾ

## ਵਿਰੋਧੀ ਸ਼ਬਦ

| ਸ਼ਬਦ | ਵਿਰੋਧੀ ਸ਼ਬਦ |
|---|---|
| ਗੋਰਾ | ਕਾਲ਼ਾ |
| ਮੋਟਾ | ਪਤਲਾ |
| ਉੱਪਰ | ਥੱਲੇ |
| ਮਿੱਠਾ | ਕੌੜਾ |
| ਗਰਮ | ਠੰਢਾ |
| ਵੱਡਾ | ਛੋਟਾ |
| ਮੇਰਾ | ਤੇਰਾ |
| ਭਾਰਾ | ਹੌਲ਼ਾ |
| ਉੱਚਾ | ਨੀਵਾਂ |
| ਧਰਤੀ | ਅਕਾਸ਼ |

| ਸ਼ਬਦ | ਵਿਰੋਧੀ ਸ਼ਬਦ |
|---|---|
| ਬੰਦ | ਖੁੱਲ੍ਹਾ |
| ਹੇਠਾਂ | ਉੱਤੇ |
| ਅੱਗੇ | ਪਿੱਛੇ |
| ਦਿਨ | ਰਾਤ |
| ਸਵੇਰ | ਸ਼ਾਮ |
| ਸੋਹਣਾ | ਕੋਹਝਾ |
| ਨਵਾਂ | ਪੁਰਾਣਾ |
| ਘੱਟ | ਵੱਧ |
| ਗਿੱਲਾ | ਸੁੱਕਾ |
| ਧੁੱਪ | ਛਾਂ |

Tender Heart High School, Class-V (Punjabi)

Ch-11,12 Gurpreet Kaur

ਆਓ, ਹੁਣ ਪੰਨਾ ਨੰਬਰ- 49 'ਤੇ ਦਿੱਤਾ ਅਭਿਆਸ ਹੱਲ ਕਰੀਏ।





## ਅਭਿਆਸ

1. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ—

| | | | |
|---|---|---|---|
| ਠੰਢਾ | ਗਰਮ | ਵੱਡਾ | ਛੋਟਾ |
| ਭਾਰਾ | ਹੌਲ਼ਾ | ਮਿੱਠਾ | ਕੌੜਾ |
| ਬੰਦ | ਖੁੱਲ੍ਹਾ | ਦਿਨ | ਰਾਤ |

2. ਹੇਠ ਲਿਖੇ ਵਾਕਾਂ ਵਿੱਚ ਦਰਸਾਏ ਗਏ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖ ਕੇ ਵਾਕ ਪੂਰੇ ਕਰੋ—

(ੳ) ਮੇਰਾ ਦੁੱਧ ਗਰਮ ਹੈ।
ਮੇਰਾ ਦੁੱਧ ਠੰਢਾ ਹੈ।

(ਅ) ਇਹ ਕੁਰਸੀ ਛੋਟੀ ਹੈ।
ਇਹ ਕੁਰਸੀ ਵੱਡੀ ਹੈ।

(ੲ) ਪੱਖਾ ਤੇਜ਼ ਚੱਲ ਰਿਹਾ ਹੈ।
ਪੱਖਾ ਹੌਲ਼ੀ ਚੱਲ ਰਿਹਾ ਹੈ।

(ਸ) ਅੱਜ ਬਹੁਤ ਠੰਢ ਹੈ।
ਅੱਜ ਬਹੁਤ ਗਰਮੀ ਹੈ।

(ਹ) ਇਹ ਪਹਾੜ ਬਹੁਤ ਉੱਚਾ ਹੈ।
ਇਹ ਪਹਾੜ ਬਹੁਤ ਨੀਵਾਂ ਹੈ।

(ਕ) ਅਸੀਂ ਪਾਸ ਹੋ ਗਏ।
ਅਸੀਂ ਫੇਲ੍ਹ ਹੋ ਗਏ।

Last Page